# 2nd meeting of the India-Central Asia Dialogue

October 27, 2020

## ਭਾਰਤ-ਮੱਧ ਏਸ਼ੀਆ ਡਾਇਲੌਗ ਦੀ ਦੂਜੀ ਬੈਠਕ

27 ਅਕਤੂਬਰ, 2020

1. ਭਾਰਤ-ਮੱਧ ਏਸ਼ੀਆ ਡਾਇਲੌਗ ਦੀ ਦੂਜੀ ਬੈਠਕ 28 ਅਕਤੂਬਰ, 2020 ਨੂੰ ਡਿਜੀਟਲ ਵੀਡੀਓ ਕਾਨਫਰੰਸ ਰਾਹੀਂ ਹੋਵੇਗੀ। ਭਾਰਤ, ਕਜ਼ਾਖਸਤਾਨ, ਤਜਾਕਿਸਤਾਨ ਅਤੇ  ਤੁਰਕਮੀਨਸਤਾਨ ਤੋਂ ਛੁੱਟ ਕਰਿਗਿਜ਼ਸਤਾਨ ਗਣਰਾਜ ਦੇ ਪਹਿਲੇ ਉਪ ਵਿਦੇਸ਼ ਮੰਤਰੀ ਇਸ ਬੈਠਕ ਵਿੱਚ ਹਿੱਸਾ ਲੈਣਗੇ। ਬੈਠਕ ਵਿੱਚ ਅਫ਼ਗਾਨਿਸਤਾਨੀ ਇਸਲਾਮਿਕ ਗਣਰਾਜ ਦੇ ਕਾਰਜਕਾਰੀ ਵਿਦੇਸ਼ ਮੰਤਰੀ ਵੀ ਵਿਸ਼ੇਸ਼ ਤੌਰ ਤੇ ਸੱਦੇ ਗਏ ਵਿਅਕਤੀ ਵਜੋਂ ਸ਼ਾਮਲ ਹੋਣਗੇ।

2. ਭਾਗ ਲੈ ਰਹੇ ਮੰਤਰੀ ਰਾਜਨੀਤਿਕ, ਸੁਰੱਖਿਆ, ਆਰਥਿਕ ਅਤੇ ਵਪਾਰਕ, ਮਨੁੱਖਵਾਦੀ ਅਤੇ ਸਭਿਆਚਾਰਕ ਖੇਤਰਾਂ ਤੋਂ ਛੁੱਟ ਆਪਸੀ ਹਿੱਤਾਂ ਦੇ ਖੇਤਰੀ ਅਤੇ ਕੌਮਾਂਤਰੀ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕਰਨਗੇ। ਮੰਤਰੀ ਵਿਸ਼ੇਸ਼ ਤੌਰ 'ਤੇ ਇਸ ਖਿੱਤੇ ਵਿਚ ਸੰਪਰਕ ਅਤੇ ਵਿਕਾਸ ਭਾਈਵਾਲੀ ਨੂੰ ਉਤਸ਼ਾਹਤ ਕਰਨ ਉੱਤੇ ਵਿਚਾਰ ਕਰਨਗੇ।

3. ਭਾਰਤ-ਮੱਧ ਏਸ਼ੀਆ ਡਾਇਲੌਗ ਦੀ ਪਹਿਲੀ ਬੈਠਕ ਮੀਟਿੰਗ ਭਾਰਤ ਅਤੇ ਉਜ਼ਬੇਕਿਸਤਾਨ ਦੁਆਰਾ ਸਾਂਝੇ ਤੌਰ 'ਤੇ 13 ਜਨਵਰੀ, 2019 ਨੂੰ ਸਮਰਕੰਦ (ਉਜ਼ਬੇਕਿਸਤਾਨ) ਵਿੱਚ ਕਰਾਈ ਗਈ ਸੀ। ਇਸਨੂੰ ਭਾਰਤ ਅਤੇ ਮੱਧ ਏਸ਼ੀਆਈ ਦੇਸ਼ਾਂ ਵਿਚਾਲੇ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਮੰਚ ਵਜੋਂ ਸੋਚ ਕੇ ਸਿਰਜਿਆ ਗਿਆ ਸੀ।

ਨਵੀਂ ਦਿੱਲੀ
27 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.